# ਸਾਡੇ ਪਿਤਾ ਦੇ ਪਿਆਰ ਦਾ ਅਕੱਥ ਦਾਨ

ਫ੍ਰੈਂਕਲਿਨ ਦੇ ਨੋਟਸ

ਕਿਉਂਕਿ ਪਰਮੇਸ਼ੁਰ ਨੇ ਜਗਤ ਨੂੰ **ਅਜਿਹਾ ਪਿਆਰ ਕੀਤਾ** ਜੋ **ਉਹ ਨੇ ਆਪਣਾ ਇਕਲੌਤਾ ਪੁੱਤਰ ਬਖ਼ਸ਼ ਦਿੱਤਾ**

ਯੂਹੰਨਾ 3:16

**ਪਰਮੇਸ਼ੁਰ ਦਾ ਪ੍ਰੇਮ** ਸਾਡੇ ਵਿੱਚ ਇਸ ਤੋਂ ਪਰਗਟ ਹੋਇਆ ਜੋ **ਪਰਮੇਸ਼ੁਰ ਨੇ ਆਪਣੇ ਇਕਲੌਤੇ ਪੁੱਤਰ ਨੂੰ** ਸੰਸਾਰ ਵਿੱਚ **ਘੱਲਿਆ** ਭਈ ਅਸੀਂ ਉਹ ਦੇ ਰਾਹੀਂ ਜੀਵੀਏ। 1 ਯੂਹੰਨਾ 4:9

ਧੰਨਵਾਦ ਹੈ ਪਰਮੇਸ਼ੁਰ ਦਾ ਉਹ ਦੇ ਉਸ ਦਾਨ ਲਈ-ਜਿਹੜਾ ਕਹਿਣ ਤੋਂ ਬਾਹਰ ਹੈ।

2 ਕੁਰਿੰਥੀਆਂ 9:15

**ਯਿਸੂ ਮਸੀਹ** ਦਾ **ਜਨਮ** ਇਉਂ ਹੋਇਆ ਮੱਤੀ 1:18

---

ਲੂਕਾ 1:26 ਛੇਵੇਂ ਮਹੀਨੇ ਜਿਬਰਾਏਲ ਦੂਤ ਪਰਮੇਸ਼ੁਰ ਦੀ ਵੱਲੋਂ ਨਾਸਰਤ ਨਾਮੇ ਗਲੀਲ ਦੇ ਇੱਕ ਨਗਰ ਵਿੱਚ।

- ਦੂਤ **ਜ਼ਿਬਰਾਏਲ** ਪਰਮੇਸ਼ੁਰ ਦਾ ਸੰਦੇਸ਼ਵਾਹਕ ਹੈ। ਇਹ ਅਦਭੁਤ ਅਤੇ ਸ਼ਕਤੀਮਾਨ ਦੂਤ ਵੇਖਣ ਵਿੱਚ ਜ਼ਰੂਰ ਡਰਾਉਣਾ ਹੋਵੇਗਾ।
    - ਦਾਨੀਏਲ ਡਰ ਗਿਆ ਸੀ ਅਤੇ ਮੂੰਹ ਪਰਨੇ ਡਿੱਗ ਗਿਆ ਸੀ
    - ਜ਼ਕਰਯਾਹ ਨੇ ਜਦੋਂ ਜ਼ਿਬਰਾਏਲ ਨੂੰ ਵੇਖਿਆ ਤਾਂ ਡਰ ਨੇ ਉਸ ਨੂੰ ਘੇਰ ਲਿਆ ਸੀ

(27) ਇੱਕ **ਕੁਆਰੀ** ਦੇ ਕੋਲ ਭੇਜਿਆ ਗਿਆ ਜਿਹ ਦੀ ਕੁੜਮਾਈ **ਯੂਸੁਫ਼** ਕਰਕੇ ਦਾਊਦ ਦੇ ਘਰਾਣੇ ਦੇ ਇੱਕ ਪੁਰਸ਼ ਨਾਲ ਹੋਈ ਸੀ ਅਰ **ਉਸ ਕੁਆਰੀ ਦਾ ਨਾਉਂ ਸੀ ਮਰਿਯਮ।**

- ਸਮੇਂ ਦੇ ਰਿਵਾਜ਼ ਅਨੁਸਾਰ, ਮਰਿਯਮ ਇੱਕ ਜਵਾਨ ਕੁੜੀ ਸੀ। ਅਤੇ ਉਨ੍ਹਾਂ ਦੀ ਮੰਗਣੀ ਸਾਡੀਆਂ ਅੱਜ ਦੀਆਂ ਮੰਗਣੀਆਂ ਨਾਲੋਂ ਕਿਤੇ ਜ਼ਿਆਦਾ ਪੱਕੀ ਸੀ। ਵਿਆਹ ਇੱਕ ਸਾਲ ਬਾਅਦ ਜਾਂ ਇਸ ਤੋਂ ਵੱਧ ਸਮੇਂ ਬਾਅਦ ਹੋ ਸਕਦਾ ਸੀ।

- ਇਹ ਇਸ ਭਵਿੱਖਬਾਣੀ ਦੇ ਪੂਰੇ ਹੋਣ ਦੀ ਘੋਸ਼ਣਾ ਸੀ: **ਯਸਾਯਾਹ 7:14** ਏਸ ਲਈ ਪ੍ਰਭੂ ਆਪ ਤੁਹਾਨੂੰ ਇੱਕ ਨਿਸ਼ਾਨ ਦੇਵੇਗਾ। ਵੇਖੋ, **ਇੱਕ ਕੁਆਰੀ ਗਰਭਵੰਤੀ ਹੋਵੇਗੀ** ਅਤੇ ਪੁੱਤਰ ਜਣੇਗੀ ਅਤੇ ਉਹ ਉਸ ਦਾ ਨਾਮ ਇੰਮਾਨੂਏਲ ਰੱਖੇਗੀ।

- ਇਹ ਘੋਸ਼ਣਾ ਕਰਦਾ ਹੈ ਕਿ ਇਹ ਇੱਕ **ਚਮਤਕਾਰੀ ਜਨਮ** ਹੋਵੇਗਾ ਕਿਉਂਕਿ ਇੱਕ ਕੁਆਰੀ ਇੱਕ ਮਨੁੱਖ ਤੋਂ ਬਿਨ੍ਹਾਂ ਬੱਚੇ ਨੂੰ ਜਨਮ ਨਹੀਂ ਦੇ ਸਕਦੀ।

- ਇਹ ਮਰਿਯਮ ਦੇ **ਨੈਤਿਕ ਚਰਿੱਤਰ** ਦੀ ਘੋਸ਼ਣਾ ਵੀ ਕਰਦਾ ਹੈ ਜਿਸ ਨੇ ਮਰਿਯਮ ਨੂੰ ਪਰਮੇਸ਼ੁਰ ਦੇ ਮਕਸਦ ਦੇ **ਯੋਗ ਬਣਾਇਆ**। ਸਾਡਾ ਨੈਤਿਕ ਚਰਿੱਤਰ ਅਤੇ ਸਾਡਾ ਜੀਵਨ ਬਿਤਾਉਣ ਦਾ ਢੰਗ ਸਾਨੂੰ ਇੱਕ ਖਾਸ ਸੇਵਕਾਈ ਦੇ **ਯੋਗ ਜਾਂ ਅਯੋਗ** ਬਣਾ ਸਕਦਾ ਹੈ।

- 1 ਕੁਰਿੰਥੀਆਂ 9:24-27 . . . ਸਗੋਂ ਆਪਣੇ ਸਰੀਰ ਨੂੰ ਮਾਰਦਾ ਕੁੱਟਦਾ ਅਤੇ ਉਹ ਨੂੰ ਆਪਣੇ **ਵੱਸ ਵਿੱਚ** ਲਿਆਉਂਦਾ ਹਾਂ ਭਈ . . . ਕਿਤੇ ਮੈਂ ਹੋਰਨਾਂ ਨੂੰ ਉਪਦੇਸ਼ ਕਰ ਕੇ ਆਪ **ਅਪਰਵਾਨ** ਹੋ ਜਾਵਾਂ।

- 2 ਤਿਮੋਥਿਉਸ 2:19-21 ਸੋ ਜੇ ਕੋਈ **ਆਪਣੇ ਆਪਣੇ ਨੂੰ** ਇਨ੍ਹਾਂ ਤੋਂ **ਸ਼ੁੱਧ ਕਰੇ** ਤਾਂ ਉਹ ਆਦਰ ਦੇ ਕੰਮ ਲਈ ਪਵਿੱਤਰ ਕੀਤਾ ਹੋਇਆ ਮਾਲਿਕ ਦੇ **ਵਰਤਣ ਜੋਗ** ਅਤੇ ਹਰੇਕ ਚੰਗੇ ਕੰਮ ਲਈ **ਤਿਆਰ ਕੀਤਾ** ਹੋਇਆ ਭਾਂਡਾ ਹੋਵੇਗਾ।

- ਹਿਜ਼ਕੀਏਲ 44:10-18 ਪਰੰਤੂ ਲੇਵੀ ਜੋ ਮੈਥੋਂ ਦੂਰ ਹੋ ਗਏ . . . ਓਹ ਆਪਣੀ ਬਦੀ ਨੂੰ ਚੁੱਕਣਗੇ। ਤਾਂ ਵੀ **ਓਹ ਮੇਰੇ ਪਵਿੱਤਰ ਅਸਥਾਨ ਵਿੱਚ ਸੇਵਾਦਾਰ ਹੋਣਗੇ . . . ਓਹ ਮੇਰੇ ਨੇੜੇ ਨਾ ਆ ਸੱਕਣਗੇ** ਕਿ ਮੇਰੇ ਦਰਬਾਰ ਵਿੱਚ ਜਾਜਕ ਬਣਨ . . . **ਪਰ** ਲੇਵੀ ਜਾਜਕ ਅਰਥਾਤ ਸਦੋਕ ਦੀ ਵੰਸ ਜੋ ਮੇਰੇ ਪਵਿੱਤਰ ਅਸਥਾਨ ਦੀ ਰਾਖੀ ਕਰਦੇ ਸਨ ਜਦੋਂ ਇਸਰਾਏਲੀ ਮੈਥੋਂ ਬੇਮੱਖ ਹੋ ਗਏ ਤਾਂ **ਮੇਰੀ ਸੇਵਾ ਲਈ ਮੇਰੇ ਨੇੜੇ ਆਉਣਗੇ** ਅਤੇ **ਮੇਰੇ ਸਨਮੁੱਖ ਖਲੋਤੇ ਰਹਿਣਗੇ** ਤਾਂ ਜੋ ਮੇਰੇ ਸਾਹਮਣੇ ਚਰਬੀ ਅਤੇ ਲਹੂ ਚੜ੍ਹਾਉਣ, ਪ੍ਰਭੂ ਯਹੋਵਾਹ ਦਾ ਵਾਕ ਹੈ।

(28) ਅਤੇ ਉਸ ਨੇ ਉਹ ਦੇ ਕੋਲ ਅੰਦਰ ਆਣ ਕੇ ਕਿਹਾ, ਵਧਾਇਓਂ ਜਿਹ ਦੇ ਉੱਤੇ **ਕਿਰਪਾ** ਹੋਈ! ਪ੍ਰਭੂ ਤੇਰੇ ਨਾਲ ਹੈ।

- ਪਰਮੇਸ਼ੁਰ ਦੇ ਪੁੱਤਰ ਮਸੀਹਾ ਦੀ ਮਾਤਾ ਦੇ ਰੂਪ ਵਿੱਚ ਚੁਣੇ ਜਾਣ ਲਈ, ਸੱਚਮੁੱਚ ਉਸ ਦੇ ਉੱਤੇ ਵੱਡੀ ਕਿਰਪਾ ਹੋਈ ਸੀ।

  ਜੇਕਰ ਪਰਮੇਸ਼ੁਰ ਤੁਹਾਡੇ ਨਾਲ ਹੈ, ਤਾਂ ਸਭ ਕੁਝ ਸੰਭਵ ਹੈ!

  - ਅਤੇ **ਉਹ ਤੁਹਾਡੇ ਨਾਲ** ਵੀ ਹੈ ਅਤੇ ਉਸ ਨੇ ਕਿਹਾ: ਮੈਂ **ਤੈਨੂੰ ਕਦੇ ਨਾ ਛੱਡਾਂਗਾ**, ਨਾ ਕਦੇ **ਤੈਨੂੰ ਤਿਆਗਾਂਗਾ।** ਇਬਰਾਨੀਆਂ 13:5

(29) ਪਰ ਉਹ ਇਸ ਬਚਨ ਤੋਂ **ਬਹੁਤ ਘਬਰਾਈ** ਅਰ ਸੋਚਣ ਲੱਗੀ ਜੋ ਇਹ ਕਿਹੋ ਜਿਹੀ ਵਧਾਈ ਹੈ?

- ਸ਼ਬਦ ਦਾ ਅਰਥ ਹੈ "ਪੂਰੀ ਤਰ੍ਹਾਂ ਨਾਲ ਘਬਰਾਈ"। ਅਤੇ ਇਸ ਅਦਭੁਤ ਅਤੇ ਸ਼ਕਤੀਮਾਨ ਦੂਤ ਨੂੰ ਇੱਕ ਚੰਗੀ ਵਜ੍ਹਾ ਨਾਲ ਵੇਖਣ ਦੇ ਕਾਰਨ।

(30) ਦੂਤ ਨੇ ਉਹ ਨੂੰ ਆਖਿਆ, ਹੇ ਮਰਿਯਮ ਨਾ ਡਰ ਕਿਉਂ ਜੋ ਤੇਰੇ ਉੱਤੇ **ਪਰਮੇਸ਼ੁਰ ਦੀ ਕਿਰਪਾ** ਹੋਈ।

- ਹੁਣ ਦੋ ਵਾਰ ਜ਼ਿਬਰਾਏਲ ਨੇ ਮਰਿਯਮ ਉੱਤੇ ਪਰਮੇਸ਼ੁਰ ਦੀ **ਕਿਰਪਾ** ਦੀ ਘੋਸ਼ਣਾ ਕਰ ਦਿੱਤੀ ਸੀ।

- ਮਰਿਯਮ ਦੇ ਚਰਿੱਤਰ ਨੇ ਉਸ ਨੂੰ **ਵੱਡੀ ਕਿਰਪਾ ਦੇ ਸਥਾਨ** ਉੱਤੇ ਰੱਖਿਆ ਸੀ।

- ਸਭ ਤੋਂ **ਕੀਮਤੀ** ਚੀਜ਼ ਜੋ ਤੁਸੀਂ ਆਪਣੇ ਜੀਵਨ ਲਈ ਕਰ ਸਕਦੇ ਹੋ ਉਹ ਹੈ **ਪਰਮੇਸ਼ੁਰ ਦੀ ਕਿਰਪਾ ਨੂੰ ਪ੍ਰਾਪਤ ਕਰਨਾ।**

ਯਿਸੂ ਨੇ ਕਿਹਾ: ਯੂਹੰਨਾ 8:29 ਅਰ ਜਿਨ੍ਹ ਮੈਨੂੰ **ਘੱਲਿਆ** ਉਹ ਮੇਰੇ **ਸੰਗ** ਹੈ। ਉਸ ਨੇ ਮੈਨੂੰ ਇਕੱਲਾ ਨਹੀਂ ਛੱਡਿਆ **ਕਿਉਂ ਜੋ ਮੈਂ ਸਦਾ ਓਹ ਕੰਮ ਕਰਦਾ ਹਾਂ ਜਿਹੜੇ ਉਸ ਨੂੰ ਭਾਉਂਦੇ ਹਨ।**

ਅਫਸੀਆਂ 5:6-10 ਸੋ ਤੁਸੀਂ ਓਹਨਾਂ ਦੇ ਸਾਂਝੀ ਨਾ ਹੋਵੋ। (8) ਕਿਉਂ ਜੋ ਤੁਸੀਂ ਅੱਗੇ ਅਨ੍ਹੇਰਾ ਸਾਓ ਪਰ ਹੁਣ ਪ੍ਰਭੁ ਵਿੱਚ ਹੋ ਕੇ ਚਾਨਣ ਹੋ, ਤੁਸੀਂ **ਚਾਨਣ ਦੇ ਪੁਤਰਾਂ ਵਾਙੁ ਚੱਲੋ।** (9) ਚਾਨਣ ਦਾ ਫਲ ਹਰ ਭਾਂਤ ਦੀ **ਭਲਿਆਈ** ਅਤੇ **ਧਰਮ** ਅਤੇ **ਸਚਿਆਈ** ਵਿੱਚ ਹੈ (10) **ਅਤੇ ਪਰਤਾ ਕੇ ਵੇਖੋ ਜੋ ਪਰਮੇਸ਼ੁਰ ਨੂੰ ਕੀ ਭਾਉਂਦਾ ਹੈ।**

ਕੁਲੁੱਸੀਆਂ 1:9-12 . . . ਪ੍ਰਾਰਥਨਾ . . . ਭਈ ਤੁਸੀਂ ਹਰ ਪ੍ਰਕਾਰ ਦੇ ਆਤਮਕ ਗਿਆਨ ਅਤੇ ਸਮਝ ਨਾਲ ਉਹ ਦੀ ਇੱਛਿਆ ਦੀ ਪਛਾਣ ਤੋਂ ਭਰਪੂਰ ਹੋ ਜਾਓ। (10) **ਤਾਂ ਜੋ** ਤੁਸੀਂ **ਅਜਿਹੀ ਜੋਗ ਚਾਲ ਚੱਲੋ ਜਿਹੜੀ ਪ੍ਰਭੁ ਨੂੰ ਹਰ ਤਰਾਂ ਨਾਲ ਭਾਵੇ** ਅਤੇ ਹਰੇਕ ਸ਼ੁਭ ਕਰਮ ਵਿੱਚ ਫਲਦੇ ਰਹੋ ਅਤੇ ਪਰਮੇਸ਼ੁਰ ਦੀ ਪਛਾਣ ਵਿੱਚ ਵੱਧਦੇ ਰਹੋ।

(31) ਅਤੇ ਵੇਖ ਤੂੰ ਗਰਭਵੰਤੀ ਹੋਵੇਂਗੀ ਅਰ ਪੁੱਤਰ ਜਣੇਂਗੀ ਅਤੇ **ਉਹ ਦਾ ਨਾਮ ਯਿਸੂ ਰੱਖਣਾ।**

- ਹੁਣ ਉਹ ਸੱਚਮੁੱਚ ਹੈਰਾਨ ਹੋ ਗਈ ਸੀ, ਕਿਉਂਕਿ ਉਹ ਵਿਆਹੀ ਹੋਈ ਨਹੀਂ ਸੀ।
- ਅਤੇ ਉਸ ਨੂੰ ਉਸ ਦੇ ਪੁੱਤਰ ਦਾ ਨਾਮ ਦੱਸਿਆ ਜਾਂਦਾ ਹੈ।
- ਧਿਆਨ ਦੇਵੋ, ਉਸ ਦੇ ਪਿਤਾ ਨੇ ਉਸ ਦਾ ਨਾਮ ਰੱਖਿਆ।

(32) ਉਹ **ਮਹਾਨ** ਹੋਵੇਗਾ, ਅਤੇ **ਅੱਤ ਮਹਾਨ ਦਾ ਪੁੱਤਰ** ਸਦਾਵੇਗਾ, ਅਤੇ ਪ੍ਰਭੁ ਪਰਮੇਸ਼ੁਰ ਉਹ ਦੇ ਪਿਤਾ ਦਾਊਦ ਦਾ ਤਖ਼ਤ ਉਹ ਨੂੰ ਦੇਵੇਗਾ। (33) ਉਹ **ਜੁੱਗੋ ਜੁੱਗ** ਯਾਕੂਬ ਦੇ ਘਰਾਣੇ ਉੱਤੇ ਰਾਜ ਕਰੇਗਾ, ਅਤੇ ਉਹ ਦੇ ਰਾਜ ਦਾ ਅੰਤ ਨਾ ਹੋਵੇਗਾ।

- **ਅੱਤ ਮਹਾਨ ਦਾ ਪੁੱਤਰ।** ਪਰਮੇਸ਼ੁਰ ਨੇ ਆਪਣੇ ਆਪ ਨੂੰ ਪਹਿਲਾਂ ਅਬਰਾਹਾਮ ਉੱਤੇ ਅੱਤ ਮਹਾਨ ਦੇ ਰੂਪ ਵਿੱਚ ਪਰਗਟ ਕੀਤਾ।
- "**ਦਾ ਪੁੱਤਰ**" ਦਾ ਅਰਥ **ਉਸ ਦੀ ਆਪਣੀ** ਅਤੇ **ਜਾਇਜ਼** ਸੰਤਾਨ ਹੈ ਜਿਵੇਂ ਹਵਾਲਾ ਦਿੱਤਾ ਗਿਆ ਹੈ
  ਯੂਹੰਨਾ 1:14 ਪਿਤਾ ਦੇ ਇਕਲੌਤੇ
- ਪਰਮੇਸ਼ੁਰ ਉਹ ਦੇ ਪਿਤਾ ਦਾਊਦ ਦਾ **ਤਖ਼ਤ** ਉਹ ਨੂੰ ਦੇਵੇਗਾ, ਉਹ ਜੁੱਗੋ ਜੁੱਗ ਯਾਕੂਬ ਦੇ ਘਰਾਣੇ ਉੱਤੇ ਰਾਜ ਕਰੇਗਾ
  - ਦਾਊਦ ਦੇ ਨਾਲ ਕੀਤੇ ਵਾਅਦੇ ਨੂੰ ਪੂਰਾ ਕਰਨਾ: ਸਗੋਂ ਤੇਰਾ **ਟੱਬਰ** ਅਤੇ ਤੇਰਾ **ਰਾਜ** ਸਦੀਪਕ ਤੋੜੀ ਤੇਰੇ ਅੱਗੇ ਪੱਕਾ ਰਹੇਗਾ। ਤੇਰੀ **ਰਾਜ ਗੱਦੀ ਸਦਾ** ਅਟੱਲ ਰਹੇਗੀ। (17) ਸੋ ਨਾਥਾਨ ਨੇ ਇਨ੍ਹਾਂ ਸਾਰੀਆਂ ਗੱਲਾਂ . . . ਅਨੁਸਾਰ **ਦਾਊਦ ਨੂੰ** ਆਖਿਆ। 2 ਸਮੂਏਲ 7:16-17

- ਅਤੇ ਇਹ ਭਵਿੱਖਬਾਣੀ ਦਾ ਪੂਰਾ ਹੋਣਾ: **ਯਸਾਯਾਹ 9:6-7**
  ਸਾਡੇ ਲਈ ਤਾਂ **ਇੱਕ ਬਾਲਕ ਜੰਮਿਆ**, ਅਤੇ ਸਾਨੂੰ **ਇੱਕ ਪੁੱਤਰ ਬਖ਼ਸ਼ਿਆ ਗਿਆ**,

  - "ਬੱਚੇ" ਦੀ ਸ਼ੁਰੂਆਤ ਜਨਮ ਦੇ ਨਾਲ ਹੁੰਦੀ ਹੈ। ਪਰ "ਪੁੱਤਰ ਦਿੱਤਾ ਜਾਵੇਗਾ" ਘੋਸ਼ਣਾ ਕਰਦਾ ਹੈ ਕਿ ਪੁੱਤਰ ਦੀ ਹੋਂਦ ਪਹਿਲਾਂ ਹੀ ਹੈ।

  ਰਾਜ ਉਹ ਦੇ ਮੋਢੇ ਉੱਤੇ ਹੋਵੇਗਾ, ਅਤੇ ਉਹ ਦਾ ਨਾਮ ਇਉਂ ਸੱਦਿਆ ਜਾਵੇਗਾ, "ਅਚਰਜ ਸਲਾਹੂ, ਸ਼ਕਤੀਮਾਨ ਪਰਮੇਸ਼ੁਰ, ਅਨਾਦੀ ਪਿਤਾ, ਸ਼ਾਂਤੀ ਦਾ ਰਾਜ ਕੁਮਾਰ"। (7) ਉਹ ਦੇ **ਰਾਜ ਦੀ ਤਰੱਕੀ**, ਅਤੇ **ਸਲਾਮਤੀ** ਦੀ **ਕੋਈ ਹੱਦ ਨਾ** ਹੋਵੇਗੀ, ਦਾਊਦ ਦੀ ਰਾਜ-ਗੱਦੀ ਉੱਤੇ, ਅਤੇ ਉਹ ਦੀ ਪਾਤਸ਼ਾਹੀ ਉੱਤੇ, ਭਈ ਉਹ ਉਸ ਨੂੰ ਕਾਇਮ ਕਰੇ, ਅਤੇ **ਨਿਆਉਂ** ਤੇ **ਧਰਮ** ਨਾਲ ਉਸ ਨੂੰ ਹੁਣ ਤੋਂ ਜੁੱਗੋ ਜੁੱਗ ਸੰਭਾਲੇ। ਸੈਨਾਂ ਦੇ ਯਹੋਵਾਹ ਦੀ ਅਣਖ ਏਹ ਕਰੇਗੀ।

- **ਉਹ** ਯਹੂਦੀਆਂ ਦਾ ਰਾਜਾ **ਹੈ** ਜਿਸ ਦੀ ਲੰਮੇ ਸਮੇਂ ਤੋਂ ਆਸ ਕੀਤੀ ਗਈ ਸੀ, **ਯਹੂਦੀ ਮਸੀਹਾ**, "ਦਾਊਦ ਦਾ ਪੁੱਤਰ" ਜੋ ਪਰਮੇਸ਼ੁਰ ਦੇ ਰਾਜ ਉੱਤੇ ਰਾਜ ਕਰੇਗਾ।

(34) ਤਦ ਮਰਿਯਮ ਨੇ ਦੂਤ ਨੂੰ ਆਖਿਆ, ਇਹ ਕਿੱਕੁਰ ਹੋਵੇਗਾ ਜਦ **ਮੈਂ ਪੁਰਸ਼ ਨੂੰ ਨਹੀਂ ਜਾਣਦੀ।**

- ਮਰਿਯਮ ਬਹੁਤ ਹੈਰਾਨ ਸੀ ਅਤੇ ਉਸ ਨੇ ਇੱਕ ਜਾਇਜ਼ ਅਤੇ ਸਪਸ਼ਟੀਕਰਣ ਲਈ ਪ੍ਰਸ਼ਨ ਪੁੱਛਿਆ। ਇੱਕ ਬੱਚੇ ਦੇ ਗਰਭ ਵਿੱਚ ਆਉਣ ਦੇ ਲਈ ਕੇਵਲ ਇੱਕੋ ਰਾਹ ਹੈ ਜਿਸ ਦੇ ਲਈ ਔਰਤ ਅਤੇ ਮਰਦ ਦੀ ਜ਼ਰੂਰਤ ਹੈ।

- ਪਰਮੇਸ਼ੁਰ ਦੇ ਬਚਨ ਦੇ ਪੂਰਾ ਹੋਣ ਦੇ ਬਾਰੇ ਆਪਣੀਆਂ ਧਾਰਨਾਵਾਂ ਦੇ ਮਗਰ ਚੱਲਣ ਨਾਲੋਂ ਸਪਸ਼ਟੀਕਰਣ ਲਈ ਪ੍ਰਸ਼ਨ ਪੁੱਛਣਾ ਚੰਗਾ ਹੈ।

(35) ਦੂਤ ਨੇ ਉਸ ਨੂੰ ਉੱਤਰ ਦਿੱਤਾ ਕਿ **ਪਵਿੱਤਰ ਆਤਮਾ ਤੇਰੇ ਉੱਪਰ** ਆਵੇਗਾ ਅਰ **ਅੱਤ ਮਹਾਨ** ਦੀ **ਕੁਦਰਤ** ਤੇਰੇ ਉੱਤੇ ਛਾਇਆ ਕਰੇਗੀ **ਇਸ ਕਰਕੇ** ਜਿਹੜਾ ਜੰਮੇਗਾ ਉਹ **ਪਵਿੱਤਰ** ਅਤੇ **ਪਰਮੇਸ਼ੁਰ ਦਾ ਪੁੱਤਰ** ਕਹਾਵੇਗਾ।

- ਉਸ ਦੇ ਪ੍ਰਸ਼ਨ ਦਾ ਉੱਤਰ ਦੇਣਾ, ਇਸ ਤਰ੍ਹਾਂ ਤੁਸੀਂ ਮਰਿਯਮ ਨੂੰ ਜਾਣੋਗੇ, ਤੁਸੀਂ **ਇੱਕ ਆਦਮੀ ਤੋਂ ਬਿਨ੍ਹਾਂ** ਗਰਭਵਤੀ ਹੋਵੋਗੇ।

ਜਦੋਂ **ਪਵਿੱਤਰ ਆਤਮਾ** ਤੁਹਾਡੇ **ਉੱਤੇ** ਆਉਂਦਾ ਹੈ, ਤਾਂ **ਅੱਤ ਮਹਾਨ** ਦੀ **ਸਮਰੱਥਾ** ਉਹ ਸਭ ਕਰ ਸਕਦੀ ਹੈ ਜੋ ਉਹ ਚਾਹੁੰਦਾ ਹੈ - ਇੱਕ ਨਵਾਂ ਜਨਮ, ਇੱਕ ਨਵੀਂ ਸ੍ਰਿਸ਼ਟ, ਚੰਗਾਈ, ਨਵੀਆਂ ਅੱਖਾਂ, ਨਵੇਂ ਅੰਗ, ਭਵਿੱਖਬਾਣੀ, ਨਵੀਂ ਜ਼ੁਬਾਨ, . . ਜੋ ਵੀ ਉਹ ਚਾਹੁੰਦਾ ਹੈ।

**ਇੱਥੇ ਇੱਕ ਆਤਮਿਕ ਸਮਾਨਤਾ ਹੈ:**

ਅਸੀਂ "ਜੀਵਤ, ਦ੍ਰਿੜ, ਪਰਮੇਸ਼ੁਰ ਦੇ ਬਚਨ" ਦੇ "ਸਦੀਵੀ ਬੀਜ" ਦੁਆਰਾ ਗਰਭ ਦੇ ਵਿੱਚ ਆਏ ਜੋ ਸਾਡੇ ਵਿੱਚ ਬੀਜਿਆ ਗਿਆ (1 ਪਤਰਸ 1:23)। ਅਤੇ ਜਦੋਂ: "ਪਵਿੱਤਰ ਆਤਮਾ ਸਾਡੇ ਉੱਤੇ ਆਇਆ ਅਤੇ ਅੱਤ ਮਹਾਨ ਦੀ ਸਮਰੱਥਾ ਨੇ ਸਾਡੇ ਉੱਤੇ ਸਾਯਾ ਕੀਤਾ," ਉਸ ਕਾਰਨ ਯਿਸੂ ਮਸੀਹ ਦੇ ਪਵਿੱਤਰ ਆਤਮਾ ਨੇ ਸਾਡੇ ਵਿੱਚ ਜਨਮ ਲਿਆ ਸੀ ਅਤੇ ਅਸੀਂ "ਪਰਮੇਸ਼ੁਰ ਦੇ ਪੁੱਤਰ" ਬਣ ਗਏ। "ਪਰਮੇਸ਼ੁਰ ਪਿਆਰ ਹੈ"। **ਪਿਆਰ ਨੇ ਸਾਡੇ ਵਿੱਚ ਜਨਮ ਲਿਆ ਸੀ।** 1 ਯੂਹੰਨਾ 3:22-23; 4:15-17

- **ਕੁਆਰੀ** ਤੋਂ ਜਨਮ ਪਹਿਲੀ ਵਾਰ **ਉਤਪਤ** 3:15 ਵਿੱਚ ਪਰਗਟ ਕੀਤਾ ਗਿਆ ਹੈ ਜਿੱਥੇ ਪਰਮੇਸ਼ੁਰ ਬਾਗ ਦੇ ਵਿੱਚ ਸੱਪ ਦੇ ਨਾਲ ਗੱਲ ਕਰ ਰਿਹਾ ਹੈ।

  - ਅਤੇ ਤੇਰੇ ਤੇ ਇਸਤਰੀ ਅਤੇ **ਤੇਰੀ ਸੰਤਾਨ** ਤੇ **ਇਸਤਰੀ ਦੀ ਸੰਤਾਨ** ਵਿੱਚ ਮੈਂ ਵੈਰ ਪਾਵਾਂਗਾ। ਉਹ ਤੇਰੇ ਸਿਰ ਨੂੰ ਫੇਵੇਗਾ ਅਤੇ ਤੂੰ ਉਹ ਦੀ ਅੱਡੀ ਨੂੰ ਡੰਗ ਮਾਰੇਂਗਾ।

  - ਇੱਕ ਔਰਤ ਦੇ ਕੋਲ "ਬੀਜ" ਨਹੀਂ ਹੁੰਦਾ। ਬੀਜ ਆਦਮੀ ਦੇ ਵੱਲੋਂ ਹੈ ਅਤੇ ਇਸ ਲਈ ਪਰਮੇਸ਼ੁਰ ਘੋਸ਼ਣਾ ਕਰ ਰਿਹਾ ਹੈ ਕਿ ਇਸ ਮਨੁੱਖ ਪ੍ਰਭੂ ਯਿਸੂ ਮਸੀਹ ਦੇ ਜਨਮ ਵਿੱਚ **ਮਨੁੱਖ ਸ਼ਾਮਲ ਨਹੀਂ ਹੈ।** ਅਤੇ ਇਸ ਲਈ **ਉਹ** ਇੱਕ **ਪਵਿੱਤਰ ਬਾਲਕ ਹੈ।**

  - ਇਹ **ਬਹੁਤ ਮਹੱਤਵਪੂਰਣ ਹੈ** ਕਿਉਂਕਿ ਜੇ ਉਹ ਮਨੁੱਖ ਦੇ ਬੀਜ ਤੋਂ ਪੈਦਾ ਹੁੰਦਾ ਤਾਂ ਪਾਪ ਉਸ ਨੂੰ ਵਿਰਸੇ ਵਿੱਚ ਮਿਲਦਾ ਜਿਵੇਂ ਸਾਡੇ ਸਾਰਿਆ ਦੇ ਵਿੱਚ ਹੈ।

  - ਪਾਪ ਆਦਮ ਦੇ ਵਿੱਚ ਸੀ ਅਤੇ ਉਨ੍ਹਾਂ ਸਾਰਿਆਂ ਦੇ ਵਿੱਚ ਹੈ ਜੋ ਉਸ ਤੋਂ ਜਨਮੇ, ਉਸ ਤੋਂ ਬਾਅਦ ਜਨਮੇ, ਜੋ ਇੱਕ ਸੰਸਾਰਿਕ ਪਿਤਾ ਦੇ ਦੁਆਰਾ ਜਨਮੇ। ਯਿਸੂ ਦਾ ਜਨਮ ਇਸ ਤਰ੍ਹਾਂ **ਨਹੀਂ** ਹੋਇਆ **ਸੀ**। ਆਦਮ ਉਸ ਦਾ ਪਿਤਾ ਨਹੀਂ ਸੀ। ਉਸ ਦਾ ਪਿਤਾ ਸਰਬ ਸ਼ਕਤੀਮਾਨ ਅਤੇ ਪਵਿੱਤਰ ਸੀ ਅਤੇ ਇਸ ਲਈ ਉਸ ਦਾ ਪੁੱਤਰ ਪਵਿੱਤਰ ਹੈ।

  - ਇਸ ਲਈ ਪ੍ਰਭੂ ਯਿਸੂ ਮਸੀਹ ਦਾ "ਪਾਪੀ ਸੁਭਾਉ" **ਨਹੀਂ ਸੀ**। ਇਸ ਨੇ **ਉਸ ਇੱਕਲੇ** ਨੂੰ ਹੀ ਇਸ ਦੇ ਯੋਗ ਬਣਾਇਆ ਪਰਮੇਸ਼ੁਰ ਦਾ ਲੇਲਾ ਜਿਹੜਾ ਜਗਤ ਦਾ ਪਾਪ ਚੁੱਕ ਲੈ ਜਾਂਦਾ ਹੈ! (ਯੂਹੰਨਾ 1:29) ਜਿਵੇਂ ਉਨ੍ਹਾਂ ਨੂੰ ਉਨ੍ਹਾਂ ਦੇ ਪਸਾਹ ਦੇ ਲੇਲੇ ਬਾਰੇ ਸਿਖਾਇਆ ਗਿਆ ਸੀ: ਤੁਹਾਡਾ ਲੇਲਾ **ਬੱਜ ਤੋਂ ਰਹਿਤ** ਅਰ ਇੱਕ ਵਰਹੇ ਦਾ ਨਰ ਹੋਵੇ।

ਇਹ ਸਭ ਸਪਸ਼ਟ ਰੂਪ ਵਿੱਚ ਅਤੇ ਪੱਕੀ ਘੋਸ਼ਣਾ ਕਰਦਾ ਹੈ ਕਿ:

- ❖ ਯਿਸੂ ਮਸੀਹ **ਪਰਮੇਸ਼ੁਰ ਦਾ ਪੁੱਤਰ** ਹੈ, **ਈਸ਼ਵਰੀ**।

- ❖ ਇੱਕ ਔਰਤ ਤੋਂ ਜਨਮਿਆ ਮਨੁੱਖ ਹੈ ਅਤੇ ਇਸ ਲਈ **ਇਨਸਾਨ** ਹੈ।

- ❖ ਸਾਡੇ ਲਈ ਤਾਂ **ਇੱਕ ਬਾਲਕ ਜੰਮਿਆ**, ਅਤੇ ਸਾਨੂੰ ਇੱਕ **ਪੁੱਤਰ ਬਖ਼ਸ਼ਿਆ** ਗਿਆ (ਯਸਾਯਾਹ 9:6)।

ਦੇਹਧਾਰੀ ਹੋਣ ਦਾ ਭੇਤ – ਈਸ਼ਵਰ ਦਾ ਮਨੁੱਖ ਬਣਨਾ

- ਉਹ **ਪਰਮੇਸ਼ੁਰ ਦਾ ਪੁੱਤਰ** ਕਹਾਵੇਗਾ, ਇਹ ਸਪਸ਼ਟ ਕਰਦਾ ਹੈ ਕਿ ਇਸ ਪਵਿੱਤਰ ਬਾਲਕ ਦਾ ਪਿਤਾ ਕੌਣ ਹੈ ਅਤੇ ਯਿਸੂ ਮਸੀਹ ਦੇ ਚਮਤਕਾਰੀ ਢੰਗ ਨਾਲ **ਕੁਆਰੀ ਤੋਂ ਜਨਮ** ਲੈਣ ਬਾਰੇ ਸਪਸ਼ਟ ਕਰਦਾ ਹੈ

**ਨਿਸੰਗ ਭਗਤੀ ਦਾ ਭੇਤ ਵੱਡਾ ਹੈ** 1 ਤਿਮੋਥਿਉਸ 3:16

---

ਇਸ ਬਾਰੇ ਸੋਚੋ:
ਯੂਹੰਨਾ 3:35 ਅਤੇ 5:20 **ਪਿਤਾ ਪੁੱਤਰ ਨਾਲ ਪਿਆਰ ਕਰਦਾ ਹੈ . . .**

- ਉਸ ਪਿਆਰ ਦੀ ਹੱਦ ਕੀ ਹੈ ਜੋ ਪਿਤਾ ਆਪਣੇ ਪੁੱਤਰ ਨੂੰ ਕਰਦਾ ਹੈ? ਇਹ ਸਾਡੀ ਸਮਝ ਤੋਂ ਬਾਹਰ ਹੈ!

ਯੂਹੰਨਾ 3:16 ਕਿਉਂਕਿ ਪਰਮੇਸ਼ੁਰ ਨੇ **ਜਗਤ ਨੂੰ ਅਜਿਹਾ ਪਿਆਰ ਕੀਤਾ** ਜੋ **ਉਹ ਨੇ ਆਪਣਾ ਇਕਲੌਤਾ ਪੁੱਤਰ ਬਖ਼ਸ਼ ਦਿੱਤਾ . . .**

- ਇਹ ਜਾਣਨਾ ਕਿ ਉਹ ਆਪਣੇ ਪੁੱਤਰ ਨਾਲ ਕਿੰਨਾ ਪਿਆਰ ਕਰਦਾ ਹੈ . . . ਉਹ ਸੰਸਾਰ ਵਿੱਚ ਆਪਣੇ ਲੋਕਾਂ ਨਾਲ ਕਿੰਨਾ ਪਿਆਰ ਕਰਦਾ ਹੈ???

- ਮੁੱਖ ਬਿੰਦੂ – ਕੀਮਤ ਉਸ ਮੁੱਲ ਦੇ ਦੁਆਰਾ ਨਿਰਾਧਰਤ ਕੀਤੀ ਜਾਂਦੀ ਹੈ ਜੋ ਮੁੱਲ ਖਰੀਦਦਾਰ ਖਰੀਦਣ ਲਈ ਦੇਣ ਨੂੰ ਤਿਆਰ ਹੁੰਦਾ ਹੈ!!!
- ਇਸ ਲਈ . . . . . . . . **ਤੁਸੀਂ ਕਿੰਨੇ ਕੀਮਤੀ ਹੋ ???**

---

(36) ਅਰ ਵੇਖ ਤੇਰੀ ਸਾਕ ਇਲੀਸਬਤ ਉਹ ਨੂੰ ਵੀ ਬੁਢੇਪੇ ਵਿੱਚ ਪੁੱਤਰ ਹੋਣ ਵਾਲਾ ਹੈ ਅਤੇ ਜਿਹੜੀ ਬਾਂਝ ਕਹਾਉਂਦੀ ਸੀ ਉਹ ਦਾ ਇਹ ਛੇਵਾਂ ਮਹੀਨਾ ਹੈ।

- ਮਰਿਯਮ ਜਵਾਨ ਸੀ, ਇਲੀਸਬਤ ਬੁੱਢੀ ਸੀ। ਜਵਾਨ ਅਤੇ ਬੁੱਢਿਆਂ ਨੂੰ ਜਾਣਨਾ ਅਤੇ ਮਹਿਸੂਸ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਉੱਤੇ ਬਰਾਬਰ ਕਿਰਪਾ ਹੋਈ ਹੈ ਅਤੇ ਉਹ ਬਰਾਬਰ ਰੂਪ ਵਿੱਚ ਪਰਮੇਸ਼ੁਰ ਦੀ ਸੇਵਕਾਈ ਦੇ ਯੋਗ ਹਨ।

- ਯੂਹੰਨਾ ਬਪਤਿਸਮਾ ਦੇਣ ਵਾਲੇ ਦਾ ਜਨਮ ਵੀ ਖਾਸ ਢੰਗ ਨਾਲ ਹੋਇਆ ਸੀ। ਇਲੀਸਬਤ ਬਾਂਝ ਸੀ ਜਦੋਂ ਤੱਕ ਪਰਮੇਸ਼ੁਰ ਨੇ ਉਸ ਨੂੰ ਜ਼ਕਰਯਾਹ ਦੁਆਰਾ ਗਰਭਵਤੀ ਹੋਣ ਦੀ ਆਗਿਆ ਨਹੀਂ ਦਿੱਤੀ / ਇਹ ਹੋਣ ਨਹੀਂ ਦਿੱਤਾ।

- ਪਰਮੇਸ਼ੁਰ ਆਪਣੀ ਇੱਛਾ, ਮਰਜ਼ੀ ਅਤੇ ਮਕਸਦ ਨੂੰ ਪੂਰਾ ਕਰਨ ਲਈ ਸਾਡੇ ਕਿਸੇ ਵੀ ਮਾਮਲੇ ਵਿੱਚ ਦਖ਼ਲ ਦੇ ਸਕਦਾ ਹੈ।

- ਸਾਨੂੰ ਇਸ ਉੱਤੇ ਧਿਆਨ ਦੇਣਾ ਚਾਹੀਦਾ ਹੈ ਕਿ ਮਰਿਯਮ ਦੇ ਨਾਲ ਜ਼ਕਰਯਾਹ ਅਤੇ ਇਲੀਸਬਤ ਦੋਵੇਂ ਪਰਮੇਸ਼ੁਰ ਦੇ ਅੱਗੇ **ਧਰਮੀ** ਸਨ ਅਰ ਪ੍ਰਭੂ ਦੇ ਸਾਰੇ ਹੁਕਮਾਂ ਅਤੇ ਬਿਧਾਂ ਤੇ **ਨਿਰਦੋਖ** ਚੱਲਦੇ ਸਨ। ਲੂਕਾ 1:6

**ਸਾਨੂੰ ਇਸੇ ਤਰ੍ਹਾਂ ਜੀਉਣਾ ਚਾਹੀਦਾ ਹੈ:** 2 ਤਿਮੋਥਿਉਸ 2:21-22 ਸੋ ਜੇ ਕੋਈ ਆਪਣੇ ਆਪਣੇ ਨੂੰ ਇਨ੍ਹਾਂ ਤੋਂ ਸ਼ੁੱਧ ਕਰੇ ਤਾਂ ਉਹ **ਆਦਰ ਦੇ** ਕੰਮ ਲਈ **ਪਵਿੱਤਰ ਕੀਤਾ ਹੋਇਆ** ਮਾਲਿਕ ਦੇ **ਵਰਤਣ ਜੋਗ** ਅਤੇ ਹਰੇਕ ਚੰਗੇ

ਕੰਮ ਲਈ **ਤਿਆਰ ਕੀਤਾ ਹੋਇਆ ਭਾਂਡਾ** ਹੋਵੇਗਾ। (22) ਪਰ ਜੁਆਨੀ ਦੀਆਂ ਕਾਮਨਾਂ ਤੋਂ ਭੱਜ ਅਤੇ ਜਿਹੜੇ ਸਾਫ਼ ਦਿਲ ਤੋਂ ਪ੍ਰਭੂ ਦਾ ਨਾਮ ਲੈਂਦੇ ਹਨ ਉਨ੍ਹਾਂ ਨਾਲ ਧਰਮ, ਨਿਹਚਾ, ਪ੍ਰੇਮ ਅਤੇ ਮਿਲਾਪ ਦੇ ਮਗਰ ਲੱਗਾ ਰਹੁ।

ਜ਼ਬੂਰ 51:10 ਹੇ ਪਰਮੇਸ਼ੁਰ, ਮੇਰੇ ਲਈ ਇੱਕ ਪਾਕ ਮਨ ਉਤਪੰਨ ਕਰ, ਅਤੇ ਮੇਰੇ ਅੰਦਰ ਨਵੇਂ ਸਿਰੇ ਤੋਂ ਸਥਿਰ ਆਤਮਾ ਵੀ।

(37) **ਕਿਉਂਕਿ ਕੋਈ ਬਚਨ ਪਰਮੇਸ਼ੁਰ ਦੀ ਵੱਲੋਂ ਸ਼ਕਤੀਹੀਣ ਨਾ ਹੋਵੇਗਾ।**

- ਇਹ ਇੱਕ ਵੱਡਾ ਦਿਲਾਸਾ, ਉਤਸ਼ਾਹ ਅਤੇ ਵਿਸ਼ਵਾਸ ਦਾ ਨਿਰਮਾਣ ਕਰਨ ਵਾਲਾ ਹੈ। ਪਰ ਇਹ ਇੱਕ ਹੈਰਾਨੀ ਦੀ ਗੱਲ ਨਹੀਂ ਹੋਣੀ ਚਾਹੀਦੀ ਜਦੋਂ ਤੁਸੀਂ ਉਸ ਸਭ ਬਾਰੇ ਸੋਚਦੇ ਹੋ ਜੋ ਉਸ ਨੇ ਬਣਾਇਆ ਅਤੇ ਜੋ ਹੋਣ ਦਿੱਤਾ। ਸੱਚਮੁੱਚ ਉਹ ਸਰਬ ਸ਼ਕਤੀਮਾਨ ਅਤੇ ਰਾਜਾ ਹੈ।

(38) ਤਾਂ ਮਰਿਯਮ ਨੇ ਕਿਹਾ, ਵੇਖ ਮੈਂ ਪ੍ਰਭੂ ਦੀ **ਬਾਂਦੀ** ਹਾਂ, **ਮੇਰੇ ਨਾਲ ਤੇਰੇ ਆਖੇ ਅਨੁਸਾਰ ਹੋਵੇ**। ਤਦ ਦੂਤ ਉਹ ਦੇ ਕੋਲੋਂ ਚੱਲਿਆ ਗਿਆ।

ਇੱਕ ਨੌਜਵਾਨ ਔਰਤ ਨੂੰ ਆਪਣੇ ਪਰਿਵਾਰ, ਆਪਣੇ ਮੰਗੇਤਰ ਅਤੇ ਆਪਣੇ ਪਿੰਡ ਤੋਂ ਗਲਤਫਹਿਮੀ ਅਤੇ ਅਸਵੀਕਾਰਤਾ ਦਾ ਸਾਹਮਣਾ ਕਰਨਾ ਪੈਣਾ, ਇਹ ਜਾਣਦੇ ਹੋਏ ਕਿ ਇੱਕ ਜਵਾਨ ਔਰਤ ਦਾ ਵਿਆਹ ਕੀਤੇ ਬਿਨ੍ਹਾਂ ਗਰਭਵਤੀ ਹੋਣ ਦਾ ਨਤੀਜਾ ਸੰਭਾਵਿਤ ਤੌਰ ’ਤੇ ਪਥਰਾਓ ਕਰਨਾ ਹੋ ਸਕਦਾ ਹੈ (ਬਿਵਸਥਾਸਾਰ 22:22-24)।

ਅਤੇ ਫਿਰ ਵੀ **ਉਹ ਬਿਨ੍ਹਾਂ ਕਿਸੇ ਝਿਜਕ ਤੋਂ ਸਹਿਮਤ ਹੋ ਜਾਂਦੀ ਹੈ** ਅਤੇ *“ਤੁਸੀਂ ਆਪਣੀਆਂ ਦੇਹੀਆਂ ਨੂੰ ਜੀਉਂਦਾ ਅਤੇ ਪਵਿੱਤਰ ਅਤੇ ਪਰਮੇਸ਼ੁਰ ਨੂੰ ਭਾਉਂਦਾ ਬਲੀਦਾਨ ਕਰਕੇ ਚੜ੍ਹਾਵੋ, ਇਹ ਤੁਹਾਡੀ ਰੂਹਾਨੀ ਬੰਦਗੀ ਹੈ”।* (ਰੋਮੀਆਂ 12:1) ਉਹ ਅਣਜਾਣੇ ਵਿੱਚ ਵੱਡੇ ਅਨੰਦ ਦੇ ਜੀਵਨ ਲਈ ਸਹਿਮਤ ਹੁੰਦੀ ਹੈ ਅਤੇ ਆਪਣੇ ਪੁੱਤਰ ਨੂੰ ਬਹੁਤਿਆਂ ਦੁਆਰਾ ਰੱਦ ਕੀਤੇ ਜਾਣ ਅਤੇ ਬੇਰਹਿਮੀ ਨਾਲ ਸਲੀਬ ਉੱਤੇ ਚੜ੍ਹਾਏ ਜਾਣ ਨੂੰ ਵੇਖਣ ਦੇ ਕਾਰਨ ਹੋਣ ਵਾਲੇ ਵੱਡੀ ਨਿਰਾਸ਼ਾ ਅਤੇ ਦੁੱਖ ਲਈ ਸਹਿਮਤ ਹੁੰਦੀ ਹੈ।

ਇੱਥੇ ਵੱਡਾ ਵਿਸ਼ਵਾਸ ਹੈ। ਪੂਰਾ ਭਰੋਸਾ। ਆਪਣੇ ਜੀਵਨ ਲਈ ਪਰਮੇਸ਼ੁਰ ਦੀ ਮਰਜ਼ੀ ਲਈ ਪੂਰਾ ਸਮਰਪਣ। **ਸਾਨੂੰ ਸਾਰਿਆਂ ਨੂੰ ਉਤਸ਼ਾਹਿਤ ਕਰਨ ਲਈ ਅਤੇ ਸਾਡੇ ਪਹੁੰਚਣ ਲਈ ਇੱਕ ਉੱਚਾ ਨਿਸ਼ਾਨ।**

ਮਰਿਯਮ ਆਪਣੇ ਜੀਵਨ ਉੱਤੇ ਉਸ ਦੀ ਸੱਚੀ ਪ੍ਰਭੂਤਾ ਦੇ ਅਰਥ ਨੂੰ ਪਰਗਟ ਕਰਦੀ ਹੈ: ਮੈਂ ਪ੍ਰਭੂ ਦੀ **ਬਾਂਦੀ** ਹਾਂ ਜੋ ਸ਼ਾਬਦਿਕ ਰੂਪ ਵਿੱਚ ਯੂਨਾਨੀ ਸ਼ਬਦ doulos ਦਾ ਅਨੁਵਾਦ ਹੈ (ਅੰਗਰੇਜ਼ੀ ਵਿੱਚ - doulos)।

**ਦਾਸ** ਅਤੇ **ਸੇਵਕ** ਦੇ ਵਿੱਚ ਅੰਤਰ ਹੈ।

- **ਸੇਵਕ** ਜਿਸ ਦੀ ਸੇਵਾ ਕਰਦਾ ਹੈ ਉਸ ਦੀ **ਮਲਕੀਅਤ ਨਹੀਂ ਹੁੰਦਾ**।
- ਇੱਕ **ਦਾਸ** ਆਪਣੇ ਮਾਲਕ ਦੀ **ਮਲਕੀਅਤ ਹੁੰਦਾ ਹੈ**।

ਯੂਨਾਨੀ ਸ਼ਬਦ ਇਸ ਅੰਤਰ ਨੂੰ ਬਹੁਤ ਸਪਸ਼ਟ ਕਰਦਾ ਹੈ।
ਯੂਨਾਨੀ ਸ਼ਬਦ ਜਿਨ੍ਹਾਂ ਦਾ ਅਰਥ **ਸੇਵਕ** ਹੈ ਉਹ ਹਨ: paidos ਅਤੇ diakonos – ਸੇਵਕ ਜਾਂ ਡੀਕਨ। **ਦਾਸ** ਦੇ ਲਈ ਯੂਨਾਨੀ ਸ਼ਬਦ ਹੈ: doulos

ਜੇਕਰ ਅਸੀਂ ਇਨ੍ਹਾਂ ਸ਼ਬਦਾਂ ਨੂੰ ਧਿਆਨ ਨਾਲ ਅਨੁਵਾਦ ਕਰਦੇ ਹਾਂ ਤਾਂ ਇੱਥੇ ਇੱਕ ਸੁੰਦਰ ਸਬਕ ਹੈ।

**ਦਾਸ** (doulos) **ਬਿਵਸਥਾਸਾਰ** 15:12–17 ਦਾ ਹਵਾਲਾ ਦਿੰਦਾ ਹੈ
ਜੇ ਤੁਹਾਡਾ ਇਬਰਾਨੀ ਭਰਾ ਅਥਵਾ ਕੋਈ ਇਬਰਾਨਣ ਤੁਹਾਡੇ ਕੋਲ ਵੇਚੀ ਜਾਵੇ ਅਤੇ ਉਹ ਤੁਹਾਡੀ ਛੇ ਵਰਹੇ **ਸੇਵਾ ਕਰੇ** ਤਾਂ ਸੱਤਵੇਂ ਵਰਹੇ ਤੁਸੀਂ ਉਸ ਨੂੰ ਆਪਣੀ ਵੱਲੋਂ ਅਜ਼ਾਦ ਕਰ ਦਿਓ . . . (16) ਤਾਂ ਐਉਂ ਹੋਵੇਗਾ ਕਿ ਜੇ ਉਹ ਤੁਹਾਨੂੰ ਆਖੇ ਕਿ ਮੈਂ ਤੁਹਾਡੇ ਕੋਲੋਂ ਨਹੀਂ ਜਾਵਾਂਗਾ **ਕਿਉਂ ਜੋ ਉਹ ਤੁਹਾਡੇ ਨਾਲ ਅਤੇ ਤੁਹਾਡੇ ਘਰਾਣੇ ਨਾਲ ਏਸ ਲਈ ਪ੍ਰੇਮ ਕਰਦਾ ਹੈ ਕਿ ਤੁਹਾਡੇ ਸੰਗ ਉਸ ਦਾ ਭਲਾ ਹੈ।** (17) ਤਾਂ ਤੁਸੀਂ **ਆਰ** ਲੈ ਕੇ **ਉਸ ਦੇ ਕੰਨ ਨੂੰ** ਚੁਗਾਠ ਨਾਲ **ਵਿੰਨ੍ਹ** ਦਿਓ ਤਾਂ **ਉਹ ਸਦਾ ਤੀਕ ਤੁਹਾਡਾ ਗੁਲਾਮ** (ਇੱਕ ਦਾਸ) **ਰਹੇਗਾ**, ਨਾਲੇ ਤੁਸੀਂ ਆਪਣੀ **ਗੋੱਲੀ** ਨਾਲ ਵੀ ਏਵੇਂ ਹੀ ਕਰੋ।

ਇਹ ਬਿਲਕੁਲ ਓਹੋ ਹੈ ਜੋ ਮਰਿਯਮ ਪ੍ਰਭੂ ਨੂੰ ਆਖਦੀ ਹੈ: ਵੇਖ ਮੈਂ ਪ੍ਰਭੂ ਦੀ **ਬਾਂਦੀ** ਹਾਂ, **ਮੇਰੇ ਨਾਲ ਤੇਰੇ ਆਖੇ ਅਨੁਸਾਰ ਹੋਵੇ।** ਤਦ ਦੂਤ ਉਹ ਦੇ ਕੋਲੋਂ ਚੱਲਿਆ ਗਿਆ।

ਜਿਹੜੇ ਸ਼ਬਦ ਦੀ ਮਰਿਯਮ ਨੇ ਵਰਤੋਂ ਕੀਤੀ ਉਹ doulos ਦਾ ਇਸਤਰੀ ਲਿੰਗ ਹੈ – **ਇੱਕ ਦਾਸੀ**

**ਉਹ ਆਪਣੇ ਜੀਵਨ ਨੂੰ ਉਸ ਦੀ ਮਰਜ਼ੀ ਦੇ ਲਈ ਸਮਰਪਿਤ ਕਰ ਰਹੀ ਹੈ**, ਜੋ ਕਿ ਇਸ ਦਾ ਅਸਲ ਅਰਥ ਹੈ ਤੇਰਾ ਰਾਜ ਆਵੇ, ਤੇਰੀ ਮਰਜ਼ੀ ਜਿਹੀ ਸੁਰਗ ਵਿੱਚ ਪੂਰੀ ਹੁੰਦੀ ਹੈ ਜ਼ਮੀਨ ਉੱਤੇ ਵੀ ਹੋਵੇ। (ਮੱਤੀ 6:10; ਲੂਕਾ 11:2) ਇਸ ਪ੍ਰਾਰਥਨਾ ਨੂੰ ਸੱਚਮੁੱਚ ਕਰਦੇ ਹੋਏ ਤੁਸੀਂ ਆਪਣੇ ਆਪ ਨੂੰ ਸੇਵਕ ਦੇ ਰੂਪ ਵਿੱਚ ਸਮਰਪਿਤ ਨਹੀਂ ਕਰਦੇ ਸਗੋਂ ਪ੍ਰਭੂ ਦੇ ਦਾਸ ਦੇ ਰੂਪ ਵਿੱਚ ਸਮਰਪਿਤ ਕਰਦੇ ਹੋ।

(ਵੇਖੋ: ਰੋਮੀਆਂ 6:22; 1 ਕੁਰਿੰਥੀਆਂ 7:22; 1 ਪਤਰਸ 2:16 ਜਿੱਥੇ ਸ਼ਬਦ doulos ਦੀ ਵਰਤੋਂ ਕੀਤੀ ਗਈ ਹੈ)

**ਇਹ** ਮੇਰੇ ਜੀਵਨ, ਮੇਰੀ ਇੱਛਾ, ਮੇਰੀਆਂ ਲੋੜਾਂ, ਮੇਰੀਆਂ ਯੋਜਨਾਵਾਂ ਦੀ ਪਰਵਾਹ ਕੀਤੇ ਬਿਨ੍ਹਾਂ **ਪਰਮੇਸ਼ੁਰ ਲਈ ਪੂਰਾ ਸਮਰਪਣ ਹੈ**, ਭਾਵੇਂ ਇਹ ਮਸ਼ਕਿਲ ਹੋਵੇ ਜਾਂ ਅਸਾਨ ਨਾ ਹੋਵੇ, ਜਾਂ ਇਸ ਦਾ ਨਤੀਜਾ ਮੌਤ ਹੋਵੇ।

**ਅਸੀਂ ਸਾਰੇ** ਅਰਥ ਅਤੇ ਸਮਰਪਣ ਦੀ ਵੱਖ-ਵੱਖ ਹੱਦ ਦੇ ਨਾਲ ਸ਼ਬਦ “**ਪ੍ਰਭੂ**” ਦੀ ਵਰਤੋਂ ਕਰਦੇ ਹਾਂ। **ਲੂਕਾ** 6:46 ਇਸ ਨੂੰ ਵਿਖਾਉਂਦਾ ਹੈ: ਤੁਸੀਂ ਮੈਨੂੰ ਪ੍ਰਭੂ, ਪ੍ਰਭੂ ਕਰਕੇ **ਕਿਉਂ** ਪੁਕਾਰਦੇ ਹੋ ਪਰ **ਜੋ ਮੈਂ ਕਹਿੰਦਾ ਹਾਂ ਸੋ ਨਹੀਂ ਕਰਦੇ?**

ਮਰਿਯਮ ਕਹਿ ਰਹੀ ਸੀ: “ਮੇਰੀ ਸ਼ਰਮਿੰਦਗੀ ਅਤੇ ਦੁੱਖ ਦੀ ਪਰਵਾਹ ਕੀਤੇ ਬਿਨ੍ਹਾਂ, ਪ੍ਰਭੂ ਜੀ ਹਾਂ”

ਜੇਕਰ ਅਸੀਂ ਕਦੇ “**ਨਾਂਹ**” ਆਖਦੇ ਹਾਂ ਅਤੇ ਜਾਣਦੇ ਹੋਏ ਆਗਿਆ ਨਹੀਂ ਮੰਨਦੇ, ਤਾਂ ਉਹ ਪ੍ਰਭੂ ਨਹੀਂ ਹੈ। ਉਹ ਸੱਚੇ ਵਿਸ਼ਵਾਸ ਦੇ ਦੁਆਰਾ ਅਜੇ ਵੀ ਮੁਕਤੀਦਾਤਾ ਹੋ ਸਕਦਾ ਹੈ, ਪਰ ਅਗਿਆਕਾਰੀ ਦੇ ਦੁਆਰਾ ਪ੍ਰਭੂ ਨਹੀਂ।

**ਸਾਨੂੰ ਜ਼ਰੂਰ ਫੈਸਲਾ ਕਰਨਾ ਚਾਹੀਦਾ ਹੈ: ਕੀ ਮੇਰਾ ਨਿਸ਼ਾਨਾ ਪ੍ਰਭੂ ਹੈ ਜਾਂ ਮੇਰੀਆਂ ਆਪਣੀਆਂ ਇੱਛਾਵਾਂ? ਕੀ ਮੈਂ ਉਸ ਦਾ ਸੇਵਕ ਹਾਂ** ਅਤੇ ਕਦੇ ਵੀ “ਨਾਂਹ” ਆਖ ਸਕਦਾ ਹਾਂ? **ਜਾਂ ਕੀ ਮੈਂ ਆਪਣੇ ਸਾਰੇ ਜੀਵਨ ਲਈ ਉਸ ਦਾ ਦਾਸ ਹਾਂ?**

ਕਈ ਵਾਰ ਅਧੀਨਤਾ ਦੇ ਸਥਾਨ ਤੱਕ ਆਉਣ ਦੇ ਲਈ ਸਾਡੀ ਆਤਮਾ ਦੇ ਵਿੱਚ ਵੱਡੇ ਤੂਫ਼ਾਨ ਦੀ ਲੋੜ ਪੈਂਦੀ ਹੈ, ਪਰ ਸਾਨੂੰ ਜ਼ਰੂਰ ਇਸ ਤੱਕ ਆਉਣਾ ਚਾਹੀਦਾ ਹੈ। **ਇੱਥੋਂ ਤੱਕ ਯਿਸੂ ਦੇ ਗਰਭ ਵਿੱਚ ਆਉਣ ਤੋਂ ਪਹਿਲਾਂ ਮਰਿਯਮ ਨੂੰ ਵੀ ਇੱਕ ਫੈਸਲਾ ਕਰਨ ਦਾ ਸਾਹਮਣਾ ਕਰਨਾ ਪਿਆ: ਕੀ ਮੈਂ ਆਗਿਆ ਮੰਨਾਂਗੀ ਅਤੇ ਇਸ ਰਾਜਾ ਲਈ ਰਾਹ ਬਣਾਵਾਂਗੀ? ਜਾਂ ਕੀ ਮੈਂ ਅਸਾਨ ਰਾਹ ਚੁਣਾਂਗੀ ਜਿਸ ਵਿੱਚ ਮੁਸ਼ਕਿਲਾਂ ਅਤੇ ਦਰਦ ਨਹੀਂ ਹੈ?**

ਉਸ ਦੀ ਸਦੀਵੀ ਪ੍ਰਸ਼ੰਸ਼ਾ ਲਈ, ਮਰਿਯਮ ਦੇ ਵਿਸ਼ਵਾਸ ਦਾ ਪ੍ਰਤੀ ਉੱਤਰ ਉਹ ਹੈ ਜੋ ਸਾਡਾ ਵੀ ਹੋਣਾ ਚਾਹੀਦਾ ਹੈ: “ਮੈਂ ਪ੍ਰਭੂ ਦੀ ਬਾਂਦੀ ਹਾਂ, ਮੇਰੇ ਨਾਲ ਤੇਰੇ ਆਖੇ ਅਨੁਸਾਰ ਹੋਵੇ। ਤਦ ਦੂਤ ਉਹ ਦੇ ਕੋਲੋਂ ਚੱਲਿਆ ਗਿਆ”।

ਇਹ ਪੂਰੇ ਸਮਰਪਣ ਅਤੇ ਆਗਿਆਕਾਰੀ ਦਾ ਰਵੱਈਆ ਪਰਿਵਾਰ ਦੇ ਵਿੱਚ ਹੈ।

ਮਰਿਯਮ ਦੇ ਪੁੱਤਰ ਨੇ ਵੀ ਇਹੋ ਕੀਤਾ।
ਅਤੇ ਪਰਿਵਾਰ ਦੇ ਵਿੱਚ ਹੁੰਦੇ ਹੋਏ ਸਾਨੂੰ ਵੀ ਇਹੋ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

ਫਿਲਿੱਪੀਆਂ 2:5-11 ਤੁਹਾਡਾ ਉਹੋ ਸੁਭਾਉ ਹੋਵੇ ਜੋ ਮਸੀਹ ਯਿਸੂ ਦਾ ਭੀ ਸੀ (6) ਕਿ ਉਸ ਨੇ **ਪਰਮੇਸ਼ੁਰ ਦੇ ਸਰੂਪ ਵਿੱਚ ਹੋ ਕੇ ਪਰਮੇਸ਼ੁਰ ਦੇ ਤੁੱਲ** ਹੋਣਾ ਕਬਜ਼ੇ ਰੱਖਣ ਦੀ ਚੀਜ਼ ਨਾ ਜਾਣਿਆ। (7) ਸਗੋਂ ਉਸ ਨੇ ਆਪਣੇ ਆਪ ਨੂੰ **ਸੱਖਣਾ ਕਰ ਕੇ**

- ਆਪਣੇ ਆਪ ਨੂੰ ਸੱਖਣਾ, ਬੇਇੱਜ਼ਤ ਅਤੇ ਅਧੀਨ ਕੀਤਾ

- ਆਪਣੀ ਪਦਵੀ, ਆਪਣੇ ਸਿੰਘਾਸਣ, ਆਪਣੀ ਮਹਿਮਾ ਅਤੇ ਆਪਣੇ ਅਧਿਕਾਰਾਂ ਨੂੰ ਛੱਡਿਆ। ਉਸ ਨੇ ਆਪਣੇ ਈਸ਼ਵਰਤਵ ਨੂੰ ਨਹੀਂ ਛੱਡਿਆ - ਜੋ ਉਹ ਸੀ।

- ਪਰਮੇਸ਼ੁਰ ਤੁਹਾਨੂੰ ਇਹ ਨਹੀਂ ਆਖਦਾ ਕਿ ਤੁਸੀਂ ਉਸ ਨੂੰ ਛੱਡ ਦਿਓ, ਜੋ ਤੁਸੀਂ ਹੋ, ਪਰ ਆਪਣੇ ਆਪ ਨੂੰ ਸੱਖਣਾ ਕਰਨ ਅਤੇ ਉਸ ਦੀ ਆਗਿਆ ਮੰਨਣ ਦੇ ਦੁਆਰਾ ਉਹ ਬਣੋ ਜੋ ਸਭ ਬਣਨ ਦੇ ਲਈ ਤੁਹਾਡੀ ਰਚਨਾ ਕੀਤੀ ਗਈ ਸੀ।

- ਪਰਮੇਸ਼ੁਰ ਦੇ ਰਾਜ ਵਿੱਚ ਜੀਵਨ ਕਿਵੇਂ ਬਿਤਾਇਆ ਜਾਂਦਾ ਹੈ ਇਹ ਉਸ ਦਾ ਨਮੂਨਾ ਹੈ।
  **ਦੂਸਰਿਆਂ ਦੀ ਸੇਵਾ ਅਤੇ ਉਨ੍ਹਾਂ ਦਾ ਆਦਰ ਕਰਨ ਲਈ ਆਪਣੇ ਆਪ ਨੂੰ ਸੱਖਣਾ ਕਰੋ।**

**ਦਾਸ** ਦਾ ਰੂਪ ਧਾਰਿਆ (ਯੂਨਾਨੀ - doulos)

- ਇਹੋ ਸ਼ਬਦ ਦੀ ਵਰਤੋਂ ਮਰਿਯਮ ਨੇ ਕੀਤੀ।

- ਯਿਸੂ ਉਸ ਦੀ ਉਦਾਹਰਣ ਹੈ ਜੋ ਸਾਡੇ ਲਈ ਤਾਂ ਸੰਭਵ ਹੈ **ਜੇਕਰ** ਅਸੀਂ **ਉਸ ਦੇ ਦਾਸ** ਬਣ ਜਾਂਦੇ ਹਾਂ। ਯਿਸੂ ਨੇ ਕਿਹਾ: "ਜਿੱਦਾਂ ਪਿਤਾ ਨੇ ਮੈਨੂੰ **ਸਿਖਾਲਿਆ** ਹੈ ਓਦਾਂ ਹੀ ਮੈਂ ਏਹ ਗੱਲਾਂ **ਆਖਦਾ ਹਾਂ**"। (ਯੂਹੰਨਾ 5:19, 30; 8:28; 12:49; 14:10)

ਅਤੇ ਮਨੁੱਖਾਂ ਦੀ ਸੂਰਤ ਵਿੱਚ ਜੰਮਿਆ।

- ਪਰਮੇਸ਼ੁਰ ਦੀ ਸੂਰਤ ਤੋਂ ਮਨੁੱਖ ਦੀ ਸੂਰਤ . . . ਕਿੰਨਾ ਸੀਮਤ . . . ਕਿੰਨਾ ਅਧੀਨ।
- ਸਾਡੇ ਵਿੱਚੋਂ ਇੱਕ ਬਣਿਆ। ਇੱਕ ਮਿਸ਼ਨਰੀ ਦੀ ਉਦਾਹਰਣ (1 ਕੁਰਿੰਥੀਆਂ 9:19-22)

(8) ਅਤੇ ਮਨੁੱਖ ਦੀ ਸ਼ਕਲ ਵਿੱਚ ਪਰਗਟ ਹੋ ਕੇ **ਆਪਣੇ ਆਪ ਨੂੰ ਨੀਵਿਆਂ ਕੀਤਾ** ਅਤੇ **ਮੌਤ ਤਾਈ ਸਗੋਂ ਸਲੀਬ ਦੀ ਮੌਤ ਤਾਈ ਆਗਿਆਕਾਰ ਬਣਿਆ।**

- ਉਹ ਜੋ ਜੀਵਨ ਸੀ ਉਹ ਮਰਨ ਦੇ ਲਈ ਤਿਆਰ ਸੀ . . . ਸ਼ਤਾਨ, ਪਾਪ ਅਤੇ ਮੌਤ ਦੀ ਸ਼ਕਤੀ ਦੇ ਅਧੀਨ ਆਉਣ ਲਈ। ਅਤੇ ਅਸੀਂ ਉਸ ਨੂੰ ਤਿੰਨ ਵਾਰ ਰੋਂਦੇ ਹੋਏ ਸੁਣਿਆ: ਹੇ ਮੇਰੇ ਪਿਤਾ, ਜੇ ਹੋ ਸੱਕੇ ਤਾਂ ਇਹ

ਪਿਆਲਾ ਮੈਥੋਂ ਟਲ ਜਾਵੇ ਪਰ **ਉਹ ਨਾ ਹੋਵੇ ਜੋ ਮੈਂ ਚਾਹੁੰਦਾ ਹਾਂ ਪਰ ਉਹ ਜੋ ਤੂੰ ਚਾਹੁੰਦਾ ਹੈਂ।** (ਮੱਤੀ 26:39)
**ਇੱਕ ਦਾਸ ਦੀ ਪੂਰੀ ਅਧੀਨਤਾਈ।**

(9) **ਇਸ ਕਾਰਨ** ਪਰਮੇਸ਼ੁਰ ਨੇ ਵੀ **ਉਸ ਨੂੰ ਅੱਤ ਉੱਚਿਆਂ ਕੀਤਾ**

ਤੁਹਾਡੇ ਵਿੱਚ ਅਜਿਹਾ ਨਾ ਹੋਵੇ ਪਰ ਜੋ ਕੋਈ ਤੁਹਾਡੇ ਵਿੱਚੋਂ **ਵੱਡਾ ਹੋਣਾ** ਚਾਹੇ ਸੋ ਤੁਹਾਡਾ **ਟਹਿਲੂਆ** (diakonos) ਹੋਵੇ। (27) ਅਤੇ ਜੋ ਕੋਈ ਤੁਹਾਡੇ ਵਿੱਚੋਂ **ਸਰਦਾਰ ਬਣਿਆ** ਚਾਹੇ ਸੋ ਤੁਹਾਡਾ **ਕਾਮਾ** (doulos) ਹੋਵੇ। (28) **ਜਿਵੇਂ** ਮਨੁੱਖ ਦਾ ਪੁੱਤਰ ਆਪਣੀ ਟਹਿਲ ਕਰਾਉਣ ਨਹੀਂ **ਸਗੋਂ ਟਹਿਲ ਕਰਨ** ਅਤੇ ਬਹੁਤਿਆਂ ਦੇ ਥਾਂ ਨਿਸਤਾਰੇ ਦਾ ਮੁੱਲ ਭਰਨ ਨੂੰ ਆਪਣੀ ਜਾਨ ਦੇਣ ਆਇਆ। ਮੱਤੀ 20:26-28

ਅਤੇ ਉਸ ਨੂੰ ਉਹ **ਨਾਮ** ਦਿੱਤਾ ਜਿਹੜਾ ਸਭਨਾਂ ਨਾਮਾਂ ਤੋਂ ਉੱਤਮ ਹੈ। (10) ਭਈ ਯਿਸੂ ਦਾ ਨਾਮ ਲੈ ਕੇ ਅਕਾਸ਼ ਉਤਲਿਆਂ ਅਤੇ ਧਰਤੀ ਉਤਲਿਆਂ ਅਤੇ ਧਰਤੀ ਦੇ ਹੇਠਲਿਆਂ ਵਿੱਚੋਂ ਹਰ ਗੋਡਾ ਨਿਵਾਇਆ ਜਾਵੇ (11) ਅਤੇ ਹਰ ਜ਼ਬਾਨ **ਪਰਮੇਸ਼ੁਰ ਪਿਤਾ ਦੀ ਵਡਿਆਈ** ਲਈ ਮੰਨ ਲਵੇ ਜੋ **ਯਿਸੂ ਮਸੀਹ ਪ੍ਰਭੂ ਹੈ!**

---

ਫਿਲਿੱਪੀਆਂ ਦਾ ਇਹ ਬੰਦ **ਯਸਾਯਾਹ** 50:5-7 ਦੇ ਬਚਨਾਂ ਨੂੰ ਪੂਰਾ ਕਰਦਾ ਹੈ
ਪ੍ਰਭੂ ਯਹੋਵਾਹ ਨੇ **ਮੇਰੇ ਕੰਨ ਖੋਲ੍ਹੇ**, (ਇੱਕ ਦਾਸ ਦੇ ਵਿੰਨ੍ਹੇ ਹੋਏ ਕੰਨ) ਤਾਂ **ਮੈਂ ਨਾ ਆਕੀ ਹੋਇਆ** ਨਾ ਪਿੱਛੇ ਹਟਿਆ, (6) **ਮੈਂ ਆਪਣੀ ਪਿੱਠ** ਮਾਰਨ ਵਾਲਿਆਂ ਨੂੰ, ਅਤੇ ਆਪਣੀਆਂ ਗੱਲ੍ਹਾਂ ਦਾੜ੍ਹੀ ਪੁੱਟਣ ਵਾਲਿਆਂ ਨੂੰ **ਦਿੱਤੀਆਂ**, ਮੈਂ ਆਪਣਾ ਮੂੰਹ ਸ਼ਰਮ ਅਰ **ਥੁੱਕ** ਤੋਂ ਨਾ ਲੁਕਾਇਆ (ਮਰਕੁਸ 15:15-21)। (ਸਾਰੇ ਜਿਹੜੇ ਯਿਸੂ ਮਸੀਹ ਵਿੱਚ ਧਰਮੀ ਜੀਵਨ ਜੀਉਣਾ ਚਾਹੁੰਦੇ ਹਨ, ਉਹ ਸਤਾਏ ਜਾਣਗੇ) (7) ਪ੍ਰਭੂ ਯਹੋਵਾਹ **ਮੇਰੀ ਸਹਾਇਤਾ ਕਰਦਾ ਹੈ**, ਏਸ ਲਈ **ਮੈਂ ਸ਼ਰਮਿੰਦਾ ਨਾ ਹੋਇਆ**, ਏਸ ਲਈ **ਮੈਂ ਆਪਣਾ ਮੂੰਹ** ਚਕ ਮਕ ਵਾਂਙੁ **ਬਣਾਇਆ** (ਲੂਕਾ 9:51), ਅਤੇ ਮੈਂ ਜਾਣਦਾ ਹਾਂ ਭਈ **ਮੈਂ ਲੱਜਿਆਵਾਨ ਨਾ ਹੋਵਾਂਗਾ।**

- ਬੇਇੱਜ਼ਤ? ਸ਼ਰਮਿੰਦਾ? ਉਹ ਕਿਸ ਦੇ ਲਈ ਚਿੰਤਤ ਹੈ? ਆਪਣੇ ਲਈ? ਦੂਸਰਿਆਂ ਲਈ? . . . ਜਾਂ ਆਪਣੇ ਪਿਤਾ ਲਈ?

- ਅਸੀਂ ਕਿਸ ਨੂੰ ਖੁਸ਼ ਕਰਨ ਦੇ ਲਈ ਚਿੰਤਤ ਹਾਂ??? ਆਪਣੇ ਆਪ ਨੂੰ? ਆਪਣੇ ਮਿੱਤਰਾਂ ਨੂੰ? . . . ਜਾਂ ਪ੍ਰਭੂ ਨੂੰ?

---

ਮਰਿਯਮ ਨੇ ਕਿਹਾ, ਵੇਖ ਮੈਂ ਪ੍ਰਭੂ ਦੀ **ਬਾਂਦੀ** ਹਾਂ,

- ਉਸ ਦੇ ਜੀਵਨ ਦੇ ਲਈ ਪਰਮੇਸ਼ੁਰ ਦੀ ਮਰਜ਼ੀ ਲਈ ਪੂਰਾ ਸਮਰਪਣ।

- ਆਪਣੀਆਂ ਯੋਜਨਾਵਾਂ ਅਤੇ ਆਪਣੇ ਸੁਫ਼ਨਿਆਂ ਨੂੰ ਪੂਰੀ ਤਰ੍ਹਾਂ ਨਾਲ ਤਿਆਗਣਾ, ਜਿਵੇਂ ਕਿ ਉਸ ਦਾ ਵਿਆਹੁਤਾ ਜੀਵਨ ਕਿਸ ਤਰ੍ਹਾਂ ਦਾ ਹੋਵੇਗਾ।
- ਇਹ ਨਾ ਜਾਣਦੇ ਹੋਏ ਕਿ ਯੂਸੁਫ਼ ਕੀ ਕਰੇਗਾ। ਉਸ ਦੇ ਜੀਵਨ ਵਿੱਚ ਰੁਕਾਵਟ ਆ ਗਈ ਸੀ।

- ਅਤੇ ਫਿਰ ਵੀ ਉਹ ਬਿਨ੍ਹਾਂ ਝਿਜਕ ਤੋਂ ਘੋਸ਼ਣਾ ਕਰਦੀ ਹੈ

  **ਮੇਰੇ ਨਾਲ ਤੇਰੇ ਆਖੇ ਅਨੁਸਾਰ ਹੋਵੇ।**

ਧੰਨਵਾਦ ਹੈ ਪਰਮੇਸ਼ੁਰ ਦਾ ਉਹ ਦੇ ਉਸ **ਦਾਨ** ਲਈ **ਜਿਹੜਾ ਕਹਿਣ ਤੋਂ ਬਾਹਰ ਹੈ।** 2 ਕੁਰਿੰਥੀਆਂ 9:15

ਕਿਉਂਕਿ ਪਰਮੇਸ਼ੁਰ ਨੇ ਜਗਤ ਨੂੰ ਅਜਿਹਾ **ਪਿਆਰ ਕੀਤਾ** ਜੋ **ਉਹ ਨੇ ਆਪਣਾ ਇਕਲੌਤਾ ਪੁੱਤਰ ਬਖ਼ਸ਼ ਦਿੱਤਾ** ਤਾਂ ਜੋ **ਹਰੇਕ ਜੋ ਉਸ ਉੱਤੇ ਨਿਹਚਾ ਕਰੇ** ਨਾਸ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ। ਯੂਹੰਨਾ 3:16

ਦਾਨ ਦੇਣਾ ਅਤੇ ਆਪਣੇ ਪੁੱਤਰ ਯਿਸੂ ਮਸੀਹ ਨੂੰ ਦੇਣਾ ਅੱਜ ਦੇ ਦਿਨ ਤੱਕ ਜਾਰੀ ਹੈ।

ਪਰ ਜਿੰਨਿਆਂ ਨੇ **ਉਸ ਨੂੰ ਕਬੂਲ ਕੀਤਾ** (ਪਿਆਰ ਦਾ ਪਰਮੇਸ਼ੁਰ ਦਾ ਦਾਨ) **ਉਸ ਨੇ** ਉਨ੍ਹਾਂ ਨੂੰ **ਪਰਮੇਸ਼ੁਰ ਦੇ ਪੁੱਤਰ** ਹੋਣ ਦਾ ਹੱਕ **ਦਿੱਤਾ** ਅਰਥਾਤ ਜਿੰਨ੍ਹਾਂ ਨੇ ਉਸ ਦੇ ਨਾਮ ਉੱਤੇ ਨਿਹਚਾ ਕੀਤੀ। ਯੂਹੰਨਾ 1:12

ਕਿੰਨਾ ਚਮਤਕਾਰੀ ਤੋਹਫ਼ਾ!

ਹਰੇਕ ਚੰਗਾ **ਦਾਨ** ਅਤੇ ਹਰੇਕ ਪੂਰਨ ਦਾਤ **ਉਤਾਹਾਂ ਤੋਂ ਹੈ** ਅਤੇ ਜੋਤਾਂ ਦੇ ਪਿਤਾ ਵੱਲੋਂ ਉਤਰ ਆਉਂਦੀ ਹੈ ਯਾਕੂਬ 1:17

ਉਸ ਦੇ ਪੁੱਤਰ ਦੀ ਦਾਤ - ਪਵਿੱਤਰ ਆਤਮਾ ਦੀ ਦਾਤ - ਆਤਮਾ ਦੀ ਦਾਤ - ਦਯਾ, ਕਿਰਪਾ, ਸ਼ਾਂਤੀ ਦੀ ਦਾਤ . . . ਹਰ ਸਾਹ ਅਤੇ ਦਿਲ ਦੀ ਹਰ ਧੜਕਣ ਦੀ ਦਾਤ - ਜੋ ਸਭ ਕੁਝ ਸਾਡੇ ਕੋਲ ਹੈ - ਜੋ ਸਭ ਕੁਝ ਅਸੀਂ ਹਾਂ - ਸਾਡੇ ਸਵਰਗੀ ਪਿਤਾ ਵੱਲੋਂ ਸਾਡੇ ਲਈ ਦਾਤਾਂ ਹਨ।

**-ਅਤੇ-**

ਸਾਨੂੰ ਸਾਰਿਆਂ ਨੂੰ ਪਰਮੇਸ਼ੁਰ ਦੇ ਪਿਆਰ ਦੇ ਅਕੱਥ ਦਾਨ ਦੇ ਦੂਸਰਿਆਂ ਨੂੰ ਦੇਣ ਵਾਲੇ ਬਣਨ ਦਾ ਹੁਕਮ ਦਿੱਤਾ ਗਿਆ ਹੈ।

ਇਹੋ ਹੈ ਵੱਡੇ ਦਿਨ ਦਾ ਅਰਥ ਹੈ। ਇਹੋ ਜੀਵਨ ਦਾ ਅਰਥ ਹੈ।

# ਉਸ ਦੇ ਪਿਆਰ ਦਾ ਅਕੱਥ ਦਾਨ

ਤੁਹਾਡੇ ਲਈ ਉਸ ਦੇ ਦਾਨ ਅਤੇ ਉਸ ਦੀਆਂ ਦਾਤਾਂ ਦਾ ਅਨੰਦ ਮਾਣੋ।
ਅਤੇ ਉਸ ਦਾ ਦਾਨ ਅਤੇ ਉਸ ਦੀਆਂ ਦਾਤਾਂ ਦੂਸਰਿਆਂ ਨੂੰ ਦੇਵੋ।